# ਤੁਹਾਨੂੰ ਸੰਭਾਵੀ ਕੰਮ ਦੀ ਸਮਾਂ-ਸੂਚੀ ਪ੍ਰਾਪਤ ਕਰਨ ਦਾ ਹੱਕ ਹੈ

NYC ਦੇ Fair Workweek Law ਦੇ ਅਧੀਨ, ਨਿਸ਼ਚਿਤ ਰਿਟੇਲ ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਆਪਣੇ ਕਰਮਚਾਰੀਆਂ ਨੂੰ ਸੰਭਾਵੀ ਕੰਮ ਦੀਆਂ ਸਮਾਂ-ਸੂਚੀਆਂ ਦੇਣ। ਰਿਟੇਲਰਾਂ ਲਈ ਲਾਜ਼ਮੀ ਹੈ ਕਿ ਉਹ ਇਸ ਨੋਟਿਸ ਨੂੰ ਉੱਥੇ ਲਗਾਉਣ, ਜਿੱਥੇ ਕਰਮਚਾਰੀ ਉਸਨੂੰ ਹਰੇਕ NYC ਕੰਮ ਦੀ ਥਾਂ ਵਿਖੇ ਅਸਾਨੀ ਨਾਲ ਦੇਖ ਸਕਣ।*

## ਕਨੂੰਨ ਵੱਲੋਂ ਕਵਰ ਕੀਤੇ ਰਿਟੇਲ ਕਰਮਚਾਰੀ

ਸਾਰੇ ਕਰਮਚਾਰੀ, ਜੋ ਰਿਟੇਲ ਕਾਰੋਬਾਰ ਵਿੱਚ ਕੰਮ ਕਰਦੇ ਹਨ, ਜੋ ਮੁੱਖ ਤੌਰ ‘ਤੇ ਉਪਭੋਗਤਾ ਵਸਤਾਂ ਵੇਚਦਾ ਹੈ ਅਤੇ NYC ਵਿੱਚ ਘੱਟੋ-ਘੱਟ 20 ਵਰਕਰ ਨਿਯੁਕਤ ਹੁੰਦੇ ਹਨ।

*ਇਹ ਕਾਨੂੰਨ ਇਮੀਗ੍ਰੇਸ਼ਨ ਰੁਤਬੇ ਤੇ ਵਿਚਾਰ ਕੀਤੇ ਲਾਗੂ ਹੁੰਦਾ ਹੈ।*

## ਕਨੂੰਨ ਵੱਲੋਂ ਕਵਰ ਨਾ ਕੀਤੇ ਰਿਟੇਲ ਕਰਮਚਾਰੀ

ਨਿਸ਼ਚਿਤ ਸਮੂਹਿਕ ਸੌਦੇਬਾਜੀ ਇਕਰਾਰਨਾਮਿਆਂ ਵਿੱਚ ਕਵਰ ਕੀਤੇ ਕਰਮਚਾਰੀ।



**ਮਾਲਕ ਕਰਮਚਾਰੀਆਂ ਨੂੰ ਅਜਿਹੀ ਸਜ਼ਾ ਨਹੀਂ ਦੇ ਸਕਦੇ, ਸਜ਼ਾ ਦੇ ਯੋਗ ਨਹੀਂ ਠਹਿਰਾ ਸਕਦੇ, ਬਦਲਾ ਨਹੀਂ ਲੈ ਸਕਦੇ ਜਾਂ ਉਹਨਾਂ ਦੇ ਵਿਰੁੱਧ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰ ਸਕਦੇ, ਜੋ ਉਹਨਾਂ ਨੂੰ ਆਪਣੇ ਕਨੂੰਨੀ ਹੱਕਾਂ ਦਾ ਇਸਤੇਮਾਲ ਕਰਨ ਤੋਂ ਰੋਕੇ ਜਾਂ ਡਰ ਵਿਖਾ ਕੇ ਵਰਜਦੀ ਹੋਵੇ। ਵਰਕਰਾਂ ਨੂੰ ਬਦਲੇ ਬਾਰੇ ਤੁਰੰਤ OLPS ਨੂੰ ਸੰਪਰਕ ਕਰਨਾ ਚਾਹੀਦਾ ਹੈ। ਹੇਠਾਂ ਦੇਖੋ।**

## ਤੁਹਾਡੇ ਅਧਿਕਾਰ

### ਕੰਮ ਦੀ ਸਮਾਂ-ਸੂਚੀ ਬਾਰੇ 72 ਘੰਟਿਆਂ ਦੀ ਪੂਰਵ ਸੂਚਨਾ (ਐਡਵਾਂਸ ਨੋਟਿਸ)

ਤੁਹਾਡੇ ਮਾਲਕ ਲਈ ਲਾਜ਼ਮੀ ਹੈ:

- ਤੁਹਾਨੂ ਤੁਹਾਡੀ ਲਿਖਤ ਕੰਮ ਸਮਾਂ-ਸੂਚੀ ਕੰਮ ਸ਼ੁਰੂ ਹੋਣ ਤੋਂ 72 ਘੰਟੇ ਪਹਿਲਾਂ ਇਸ ਢੰਗ ਨਾਲ ਦੇਣਾ, ਜਿਵੇਂ ਤੁਹਾਡਾ ਮਾਲਕ ਆਮ ਤੌਰ ‘ਤੇ ਤੁਹਾਨੂੰ ਸੰਪਰਕ ਕਰਦਾ ਹੈ, ਜਿਸ ਵਿੱਚ ਟੈਕਸਟ ਅਤੇ ਈਮੇਲ ਸ਼ਾਮਲ ਹੋ ਸਕਦੀ ਹੈ।
- ਤੁਹਾਡੀ ਕੰਮ ਦੀ ਥਾਂ ਵਿਖੇ ਸਮਾਂ-ਸੂਚੀ ਪੋਸਟ ਕਰਨਾ, ਜਿੱਥੇ ਸਾਰੇ ਵਰਕਰ ਇਸਨੂੰ ਦੇਖ ਸਕਣ।
- ਕੰਮ ਸਮਾਂ-ਸੂਚੀ ਵਿੱਚ ਸਾਰੀਆਂ ਸ਼ਿਫਟਾਂ ਦੀਆਂ ਤਾਰੀਖਾਂ, ਸ਼ਿਫਟ ਸ਼ੁਰੂ ਅਤੇ ਖ਼ਤਮ ਹੋਣ ਦੇ ਸਮੇਂ ਅਤੇ ਸਥਾਨ ਸ਼ਾਮਲ ਕਰਨਾ।
- ਜੇਕਰ ਸਮਾਂ-ਸੂਚੀ ਵਿੱਚ ਤਬਦੀਲੀਆਂ ਹੁੰਦੀਆਂ ਹਨ ਤਾਂ ਸਮਾਂ-ਸੂਚੀ ਨੂੰ ਅੱਪਡੇਟ ਕਰਨਾ ਅਤੇ ਦੁਬਾਰਾ ਪੋਸਟ ਕਰਨਾ ਅਤੇ ਸਾਰੇ ਪ੍ਰਭਾਵਿਤ ਵਰਕਰਾਂ ਨੂੰ ਸੰਪਰਕ ਕਰਨਾ।

### ਕੋਈ ਔਨ-ਕਾਲ ਸ਼ਿਫਟਾਂ ਨਹੀਂ

ਤੁਹਾਡਾ ਮਾਲਕ ਤੁਹਾਡੇ ਤੋਂ ਇਹ ਮੰਗ ਨਹੀਂ ਕਰ ਸਕਦਾ:

- ਕਿਸੇ ਵੀ ਸਮੇਂ ਜਦੋਂ ਮਾਲਕ ਚਾਹੇ, ਕੰਮ ਲਈ ਤਿਆਰ ਅਤੇ ਉਪਲਬਧ ਰਹਿਣਾ, ਇਸ ਤੇ ਵਿਚਾਰ ਕੀਤੇ ਬਿਨਾਂ ਕਿ ਤੁਸੀਂ ਅਸਲ ਵਿੱਚ ਕੰਮ ਕਰਦੇ ਹੋ ਜਾਂ ਕੰਮ ਲਈ ਰਿਪੋਰਟ ਕਰਦੇ ਹੋ।
- ਇਹ ਪਤਾ ਕਰਨ ਲਈ ਕਿ ਤੁਹਾਨੂੰ ਸ਼ਿਫਟ ਲਈ ਰਿਪੋਰਟ ਕਰਨੀ ਚਾਹੀਦੀ ਹੈ ਜਾਂ ਨਹੀਂ, ਇੱਕ ਤੈਅ ਸ਼ਿਫਟ ਦੇ 72 ਘੰਟਿਆਂ ਦੇ ਅੰਦਰ “ਚੈਕ ਇਨ”

### 72 ਘੰਟਿਆਂ ਤੋਂ ਘੱਟ ਦੀ ਸੂਚਨਾ ਨਾਲ ਕੋਈ ਸ਼ਿਫਟਾਂ ਰੱਦ ਨਹੀਂ

ਜੇਕਰ ਤੁਹਾਡਾ ਮਾਲਕ ਤਬਦੀਲੀ ਤੋਂ ਪਹਿਲਾਂ 72 ਘੰਟਿਆਂ ਤੋਂ ਘੱਟ ਸਮੇਂ ਵਿੱਚ ਤੁਹਾਡੀ ਸਮਾਂ-ਸੂਚੀ ਵਿੱਚ ਸਮਾਂ ਜਾਂ ਸ਼ਿਫਟਾਂ ਜੋੜਨਾ ਚਾਹੁੰਦਾ ਹੈ, ਤਾਂ ਤੁਹਾਨੂੰ ਤਬਦੀਲੀ ਸਵੀਕਾਰ ਕਰਨ ਜਾਂ ਅਸਵੀਕਾਰ ਕਰਨ ਦਾ ਹੱਕ ਹੈ। ਜੇਕਰ ਤੁਸੀਂ ਇੱਕ ਵਾਧੂ ਸ਼ਿਫਟ ਸਵੀਕਾਰ ਕਰਦੇ ਹੋ, ਤਾਂ ਤੁਹਾਨੂੰ ਇਹ ਲਿਖ਼ਤ ਵਿੱਚ ਕਰਨਾ ਚਾਹੀਦਾ ਹੈ।

### 72 ਘੰਟਿਆਂ’ ਤੋਂ ਘੱਟ ਦੀ ਸੂਚਨਾ ਨਾਲ ਕੋਈ ਸ਼ਿਫਟਾਂ ਰੱਦ ਨਹੀਂ

ਤੁਹਾਡਾ ਮਾਲਕ ਸ਼ਿਫਟ ਸ਼ੁਰੂ ਹੋਣ ਤੋਂ ਪਹਿਲਾਂ 72 ਘੰਟਿਆਂ ਤੋਂ ਘੱਟ ਸਮੇਂ ਵਿੱਚ ਕੋਈ ਸ਼ਿਫਟ ਰੱਦ ਨਹੀਂ ਕਰ ਸਕਦਾ।

**ਅਪਵਾਦ:**

ਤੁਹਾਡਾ ਮਾਲਕ ਹੇਠਾਂ ਦਿੱਤੀਆਂ ਸਥਿਤੀਆਂ ਵਿੱਚ ਬੰਦ ਹੋਣ ਦੇ ਕਾਰਨ 72 ਘੰਟਿਆਂ ਤੋਂ ਘੱਟ ਸਮੇਂ ਵਿੱਚ ਤੁਹਾਡੀ ਸਮਾਂ-ਸੂਚੀ ਵਿੱਚ ਤਬਦੀਲੀ ਕਰ ਸਕਦਾ ਹੈ।

- ਵਰਕਰ ਦੀ ਸੁਰੱਖਿਆ ਨੂੰ ਜਾਂ ਮਾਲਕ ਦੀ ਪ੍ਰਾਪਰਟੀ ਨੂੰ ਖ਼ਤਰਾ ਹੋਵੇ
- ਜਨਤਕ ਯੂਟੀਲਿਟੀ ਅਸਫਲਤਾ
- ਜਨਤਕ ਆਵਾਜਾਹੀ ਦਾ ਬੰਦ ਹੋਣਾ
- ਅੱਗ ਲੱਗਣਾ, ਹੜ੍ਹ ਆਉਣਾ ਜਾਂ ਹੋਰ ਕੁਦਰਤੀ ਸੰਕਟ
- ਸਰਕਾਰ ਵੱਲੋਂ ਘੋਸ਼ਿਤ ਕੀਤੀ ਐਮਰਜੈਂਸੀ ਦੀ ਸਥਿਤੀ

ਤੁਹਾਡਾ ਮਾਲਕ ਤੁਹਾਡੀ ਬੇਨਤੀ ‘ਤੇ ਤੁਹਾਨੂੰ ਅਰਾਮ ਲਈ ਸਮਾਂ (ਟਾਈਮ ਔਫ) ਦੀ ਮਨਜ਼ੂਰੀ ਵੀ ਦੇ ਸਕਦਾ ਹੈ ਜਾਂ ਤੁਹਾਨੂੰ ਦੂਜੇ ਰਿਟੇਲ ਕਰਮਚਾਰੀ ਨਾਲ ਸ਼ਿਫਟਾਂ ਦੀ ਅਦਲਾ-ਬਦਲੀ ਕਰਨ ਦੀ ਇਜਾਜ਼ਤ ਦੇ ਸਕਦਾ ਹੈ।

## ਸ਼ਿਕਾਇਤ ਫਾਈਲ ਕਰਨਾ

Department of Consumer Affairs (DCA) Office of Labor Policy & Standards (OLPS), NYC ਦੀ Fair Workweek Law ਨੂੰ ਲਾਗੂ ਕਰਦਾ ਹੈ, ਜੋ 26 ਨਵੰਬਰ, 2017 ਨੂੰ ਪ੍ਰਭਾਵੀ ਹੋਈ ਸੀ।

**OLPS ਕੋਲ ਸ਼ਿਕਾਇਤ ਫਾਈਲ ਕਰਨ ਲਈ, nyc.gov/dca** ‘ਤੇ ਜਾਓ ਜਾਂ **311** (NYC ਦੇ ਬਾਹਰ 212-NEW-YORK) ‘ਤੇ ਸੰਪਰਕ ਕਰੋ ਅਤੇ “Fair Workweek Law” ਦੀ ਮੰਗ ਕਰੋ। OLPS ਜਾਂਚ ਕਰੇਗਾ ਅਤੇ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰੇਗਾ। **OLPS ਤੁਹਾਡੀ ਪਛਾਣ ਗੁਪਤ ਰੱਖੇਗਾ, ਜਦੋਂ ਤੱਕ ਕਿ ਇਸਦਾ ਪ੍ਰਗਟਾਵਾ ਜਾਂਚ ਪੂਰੀ ਕਰਨ ਲਈ ਜ਼ਰੂਰੀ ਨਾ ਹੋਵੇ ਜਾਂ ਕਨੂੰਨ ਵੱਲੋਂ ਲੋੜੀਂਦਾ ਨਾ ਹੋਵੇ।**

**ਤੁਸੀਂ ਅਦਾਲਤ ਵਿੱਚ ਇੱਕ ਕਾਰਵਾਈ ਲਈ ਵੀ ਫਾਈਲ ਕਰ ਸਕਦੇ ਹੋ।** ਹਾਲਾਂਕਿ, ਤੁਸੀਂ ਇੱਕੋ ਸਮੇਂ OLPS ਨੂੰ ਸ਼ਿਕਾਇਤ ਅਤੇ ਅਦਾਲਤ ਵਿੱਚ ਦਾਅਵਾ ਨਹੀਂ ਕਰ ਸਕਦੇ।

## OLPS ਨੂੰ ਸੰਪਰਕ ਕਰਨਾ

**nyc.gov/dca**’ਤੇ ਜਾਓ, **FWW@dca.nyc.gov**’ਤੇ ਈਮੇਲ ਕਰੋ ਜਾਂ **311** ‘ਤੇ ਸੰਪਰਕ ਕਰੋ ਅਤੇ “Fair Workweek Law” ਦੀ ਮੰਗ ਕਰੋ।

NYC Consumer Affairs
Bill de Blasio, Mayor
Lorelei Salas, Commissioner

*ਤੁਹਾਡੇ ਮਾਲਕ ਲਈ ਲਾਜ਼ਮੀ ਹੈ ਕਿ ਉਹ ਇਸ ਨੋਟਿਸ ਨੂੰ ਅੰਗਰੇਜ਼ੀ ਵਿੱਚ ਅਤੇ ਕਿਸੇ ਵੀ ਅਜਿਹੀ ਭਾਸ਼ਾ ਵਿੱਚ ਲਗਾਵੇ, ਜੋ ਤੁਹਾਡੀ ਕੰਮ ਦੀ ਥਾਂ ਵਿਖੇ ਕੰਮ ਕਰਨ ਵਾਲੇ ਵਰਕਰਾਂ ਵਿੱਚੋਂ ਘੱਟੋ-ਘੱਟ 5 ਪ੍ਰਤੀਸ਼ਤ ਦੀ ਮੂਲ ਭਾਸ਼ਾ ਹੋਵੇ, ਜੇਕਰ ਇਹ DCA ਦੀ ਵੈਬਸਾਈਟ ‘ਤੇ ਉਪਲਬਧ ਹੈ।

08/2018